# ਸਲੌਟ ਮਸ਼ੀਨਾਂ ਨੂੰ ਸਮਝਣ ਬਾਰੇ ਗਾਈਡ



GameSense

The GameSense Guide to Slot Machines [Punjabi]

bclc
playing it right

## ਜ਼ਿਆਦਾ ਖੇਡੋ, ਜ਼ਿਆਦਾ ਮੁੱਲ ਤਾਰੋ।

ਸਲੌਟ ਮਸ਼ੀਨਾਂ ਮਨੋਰੰਜਨ ਹਨ, ਅਤੇ ਡਿਨਰ ਅਤੇ ਮੂਵੀ ਵਾਂਗ ਤੁਹਾਨੂੰ ਮਨੋਰੰਜਨ ਦਾ ਖਰਚਾ ਦੇਣ ਦੀ ਆਸ ਰੱਖਣੀ ਚਾਹੀਦੀ ਹੈ। ਜਦੋਂ ਤੁਹਾਡੇ ਮਨੋਰੰਜਨ ਲਈ ਰੱਖੇ ਪੈਸੇ ਖਤਮ ਹੋ ਜਾਣ, ਤਾਂ ਖੇਡ ਦਾ ਅੰਤ ਕਰਨ ਦਾ ਸਮਾਂ ਹੁੰਦਾ ਹੈ। ਹੋਸ਼ ਭੁਲਾ ਦੇਣਾ ਅਤੇ ਵਿਉਂਤ ਕੀਤੇ ਜਾਂ ਵਾਰਾ ਖਾਣ ਯੋਗ ਸਮੇਂ ਜਾਂ ਪੈਸਿਆਂ ਨਾਲੋਂ ਕਿਤੇ ਜ਼ਿਆਦਾ ਖਰਚ ਦੇਣਾ ਸੰਭਵ ਹੈ… ਬੱਜਟ ਜਾਂ ਸਮੇਂ ਦੀ ਹੱਦ ਮਿੱਥੋ ਅਤੇ ਇਸ ’ਤੇ ਅੜੇ ਰਹੋ!

## ਜਿੱਤਣ ਦੇ ਮੌਕਿਆਂ ਨੂੰ ਸਮਝਣਾ

**ਮੇਰੇ ਜਿੱਤਣ ਦੇ ਕਿੰਨੇ ਕੁ ਮੌਕੇ ਹਨ?**

ਜੇ ਤੁਸੀਂ ਇਹ ਸੋਚਦੇ ਹੋ ਕਿ ਤੁਸੀਂ ਜ਼ਿਆਦਾ ਸਮਾਂ ਜੂਏਬਾਜ਼ੀ ਕਰਕੇ ਜਿੱਤਣ ਦੇ ਮੌਕਿਆਂ ਨੂੰ ਵਧਾ ਲਵੋਗੇ ਤਾਂ ਇਕ ਵਾਰ ਫਿਰ ਸੋਚੋ। ਅਸੀਂ ਇਹ ਨਹੀਂ ਕਹਿ ਰਹੇ ਕਿ ਤੁਸੀਂ ਜਿੱਤੋਗੇ ਨਹੀਂ; ਤੁਸੀਂ ਉਨ੍ਹਾਂ ਕੁਝ ਖੁਸ਼ਕਿਸਮਤ ਲੋਕਾਂ ਵਿੱਚੋਂ ਹੋ ਸਕਦੇ ਹੋ ਜਿਹੜੇ ਜਿੱਤਦੇ ਹਨ, ਪਰ ਮੌਕੇ ਹਮੇਸ਼ਾਂ “ਹਾਊਸ”ਭਾਵ ਫਰਮ ਦੇ ਹੱਕ ਵਿਚ ਹੁੰਦੇ ਹਨ।

ਆਮ ਤੌਰ ’ਤੇ, “ਫਰਮ ਨੂੰ ਲਾਭ” ਦੇ ਹਿੱਸੇ ਵਜੋਂ ਸਲੌਟਾਂ, ਇਕ ਵਾਰ ਦੀ ਬਾਜ਼ੀ ਵਿੱਚੋਂ ਅੰਦਾਜ਼ਨ ਤਕਰੀਬਨ 8 ਫੀ ਸਦੀ ਰੱਖ ਲੈਂਦੀਆਂ ਹਨ, ਇਸ ਕਰਕੇ ਲੰਮੇ ਸਮੇਂ ਵਿਚ ਹਮੇਸ਼ਾਂ ਮਸ਼ੀਨਾਂ ਜਿੱਤਦੀਆਂ ਹਨ। ਜਿੱਤਣ ਦੇ ਮੌਕੇ ਤੁਹਾਡੇ ਵਲੋਂ ਖੇਡੀ ਜਾਣ ਵਾਲੀ ਗੇਮ ’ਤੇ, ਤੁਹਾਡੇ ਵਲੋਂ ਚੁਣੇ ਗਏ ਡੀਨੋਮੀਨੇਸ਼ਨ ’ਤੇ ਜਾਂ ਤੁਸੀਂ ਬਾਜ਼ੀ ’ਤੇ ਕਿੰਨੇ ਕਰੈਡਿਟ ਲਾਉਣ ਦਾ ਫੈਸਲਾ ਕਰਦੇ ਹੋ ’ਤੇ ਨਿਰਭਰ ਕਰਦੇ ਹਨ।

# ਗੇਮਸੈਂਸ ਬਨਾਮ ਨੌਨਸੈਂਸ

ਜਦੋਂ ਗੱਲ ਸਲੌਟ ਮਸ਼ੀਨਾਂ ਦੀ ਚੱਲਦੀ ਹੈ ਤਾਂ ਬਹੁਤ ਸਾਰੀਆਂ ਮਿੱਥਾਂ ਅਤੇ ਗਲਤਫਹਿਮੀਆਂ ਹਨ। ਥੋੜ੍ਹੀ ਜਿਹੀ ਸੂਝ ਨਾਲ ਤੁਸੀਂ ਤੱਥ ਨੂੰ ਕਲਪਨਾ ਤੋਂ ਨਿਖੇੜ ਸਕਦੇ ਹੋ।

**ਨੌਨਸੈਂਸ:** *“ਜੇ ਮੈਂ ਇਕ ਮਸ਼ੀਨ ’ਤੇ ਜ਼ਿਆਦਾ ਸਮਾਂ ਖੇਡਾਂ ਤਾਂ ਮੈਂ ਵੱਡਾ ਇਨਾਮ ਜਿੱਤ ਜਾਵਾਂਗਾ।”*

**ਗੇਮਸੈਂਸ:** ਡਟੇ ਰਹਿਣ ਨਾਲ ਜਿੱਤ ਨਹੀਂ ਹੁੰਦੀ। ਹਰ ਖੇਡ ਇਕ ਵੱਖਰੀ ਖੇਡ ਹੈ ਅਤੇ ਇਸ ਦੇ ਜਿੱਤਣ ਜਾਂ ਹਾਰਨ ਦੇ ਮੌਕੇ ਉਸ ਗੇਮ ਉੱਪਰ ਹਰ ਹੋਰ ਖੇਡ ਜਿੰਨੇ ਹੀ ਹਨ। ਤੁਹਾਡੀ ਪਿਛਲੀ ਖੇਡ ਜਾਂ ਖੇਡਾਂ ਦੀ ਲੜੀ ਦੇ ਨਤੀਜੇ ਦਾ ਇਸ ਚੀਜ਼ ’ਤੇ ਬਿਲਕੁਲ ਕੋਈ ਅਸਰ ਨਹੀਂ ਪੈਂਦਾ ਕਿ ਤੁਹਾਡੀ ਅਗਲੀ ਖੇਡ ਨਾਲ ਕੀ ਵਾਪਰੇਗਾ। ਤੁਸੀਂ ਜਿੱਤ ਦੀ ਭਵਿੱਖਬਾਣੀ ਨਹੀਂ ਕਰ ਸਕਦੇ। ਸਲੌਟਾਂ ਕਦੇ “ਜਿੱਤਣ ਹੀ ਵਾਲੀਆਂ” ਨਹੀਂ ਹੁੰਦੀਆਂ ਅਤੇ ਨਾ ਹੀ ਉਹ ਕਿਸੇ ਜਿੱਤ ਤੋਂ ਬਾਅਦ “ਠੰਢੀਆਂ” ਪੈ ਜਾਂਦੀਆਂ ਹਨ।

**ਨੌਨਸੈਂਸ:** *“ਮੈਂ ਹੁਣੇ ਜਿਹੜੀ ਮਸ਼ੀਨ ਛੱਡੀ ਹੈ, ਉਸ ਵਿੱਚੋਂ ਜੈਕਪੌਟ ਨਿਕਲਿਆ। ਜੇ ਮੈਂ ਟਿਕਿਆ ਰਹਿੰਦਾ ਤਾਂ ਉਹ ਜਿੱਤ ਮੇਰੀ ਹੋਣੀ ਸੀ।”*

**ਗੇਮਸੈਂਸ:** ਕਿਸੇ ਵੀ ਸਲੌਟ ਮਸ਼ੀਨ ਦਾ ਰੈਂਡਮ ਨੰਬਰ ਜਨਰੇਟਰ (ਆਰ ਐੱਨ ਜੀ), ਲਗਾਤਾਰ ਨੰਬਰਾਂ ਨੂੰ ਚਲਾਉਣਾ ਜਾਰੀ ਰੱਖਦਾ ਹੈ ਜਿਹੜੇ ਕਿਸੇ ਖੇਡ ਦਾ ਨਤੀਜਾ ਕੱਢਦੇ ਹਨ, ਭਾਵੇਂ ਮਸ਼ੀਨ ’ਤੇ ਖੇਡਿਆ ਵੀ ਨਾ ਜਾ ਰਿਹਾ ਹੋਵੇ। ਆਰ ਐੱਨ ਜੀ, ਹਰ ਸਕਿੰਟ ਵਿਚ ਤਕਰੀਬਨ 1000 ਵੱਖਰੇ ਨਤੀਜੇ ਪੈਦਾ ਕਰਦਾ ਹੈ। ਇਸ ਕਰਕੇ ਭਾਵੇਂ ਤੁਸੀਂ ਲਗਾਤਾਰ ਮਸ਼ੀਨ ’ਤੇ ਖੇਡ ਰਹੇ ਹੋਵੋ, ਇਸ ਚੀਜ਼ ਦੀ ਬਹੁਤ ਹੀ ਘੱਟ ਸੰਭਾਵਨਾ ਹੈ ਕਿ ਤੁਹਾਡੇ ਨਤੀਜੇ ਤੁਹਾਡੇ ਤੋਂ ਬਾਅਦ ਵਿਚ ਖੇਡਣ ਵਾਲੇ ਪਲੇਅਰ ਵਰਗੇ ਹੀ ਹੋਣੇ ਸਨ।

**ਨੌਨਸੈਂਸ:** *“ਮੈਨੂੰ ਕਿਸਮਤ ਚੰਗੀ ਮਹਿਸੂਸ ਹੋ ਰਹੀ ਹੈ। ਮੈਂ ਸਲੌਟਾਂ ’ਤੇ ਜਾਵਾਂਗਾ ਅਤੇ ਕੁਝ ਪੈਸੇ ਬਣਾਵਾਂਗਾ।”*

**ਗੇਮਸੈਂਸ:** ਭਾਵੇਂ ਤੁਸੀਂ ਜਿੱਤਣ ਦੀ ਆਸ ਰੱਖਦੇ ਹੋ, ਪਰ ਆਪਣੇ ਪੈਸੇ ਵਾਪਸ ਮੁੜਨ ਦੀ ਆਸ ਨਾ ਰੱਖੋ। ਇਹ ਆਸ ਰੱਖੋ ਕਿ ਤੁਸੀਂ ਖੇਡਣ ਦਾ ਖਰਚਾ ਦਿੰਦੇ ਹੋ – ਜਿੱਤਣ ਦੇ ਮੌਕੇ ਹਮੇਸ਼ਾਂ ਸਲੌਟ ਮਸ਼ੀਨ ਦੇ ਹੱਕ ਵਿਚ ਹਨ।

**ਨੌਨਸੈਂਸ:** *ਲਾਂਘੇ ਤੋਂ ਦੂਰ ਦੀਆਂ ਸਲੌਟ ਮਸ਼ੀਨਾਂ ਜ਼ਿਆਦਾ ਪੈਸੇ ਦਿੰਦੀਆਂ ਹਨ ਕਿਉਂਕਿ ਉਨ੍ਹਾਂ ’ਤੇ ਘੱਟ ਖੇਡਿਆ ਜਾਂਦਾ ਹੈ।”*

**ਗੇਮਸੈਂਸ:** ਮਸ਼ੀਨ ਕਿੱਥੇ ਹੈ ਜਾਂ ਤੁਸੀਂ ਕਿਸ ਤਰ੍ਹਾਂ ਖੇਡਦੇ ਹੋ, ਇਸ ਤਰ੍ਹਾਂ ਦੀ ਕੋਈ ਵੀ ਚੀਜ਼ ਖੇਡ ਦੇ ਨਤੀਜੇ ’ਤੇ ਅਸਰ ਨਹੀਂ ਪਾਉਂਦੀ। ਸਲੌਟ ਮਸ਼ੀਨਾਂ ਦੀਆਂ ਜਿੱਤਾਂ ਅਤੇ ਹਾਰਾਂ ਹਮੇਸ਼ਾਂ ਅਨਿਸ਼ਚਤ (ਰੈਂਡਮ) ਹੁੰਦੀਆਂ ਹਨ, ਅਤੇ ਇਸ ਦਾ ਭਵਿੱਖਬਾਣੀ ਕਰਨ ਯੋਗ ਕੋਈ ਵੀ ਪੈਟਰਨ ਨਹੀਂ ਹੁੰਦਾ।

**ਤੁਸੀਂ ਕੀ ਉਮੀਦ ਰੱਖ ਸਕਦੇ ਹੋ ਉਸ ਦੀ ਇਕ ਉਦਾਹਰਣ ਇਹ ਹੈ:**

ਡਬਲ ਰੈੱਡ, ਵਾਈਟ ਐਂਡ ਬਲੂ 1 ਡਾਲਰ ਵਾਲੀ ਮਸ਼ੀਨ ’ਤੇ ਕੋਈ ਵੀ ਇਨਾਮ ਜਿੱਤਣ ਦੇ ਮੌਕੇ 5 ਵਿੱਚੋਂ 1 ਹਨ, ਪਰ ਸਭ ਤੋਂ ਉਪਰਲਾ ਇਨਾਮ ਜਿੱਤਣ ਦਾ ਮੌਕਾ 373,248 ਵਿੱਚੋਂ 1 ਹੈ।

ਕੁਝ ਸਲੌਟ ਮਸ਼ੀਨਾਂ ਜ਼ਿਆਦਾ ਵਾਰੀ ਛੋਟੇ ਇਨਾਮ ਦਿੰਦੀਆਂ ਹਨ ਅਤੇ ਉਨ੍ਹਾਂ ਦੀਆਂ ਬੋਨਸ ਗੇਮਾਂ ਜ਼ਿਆਦਾ ਹੁੰਦੀਆਂ ਹਨ, ਜਦ ਕਿ ਦੂਸਰੀਆਂ ਮਸ਼ੀਨਾਂ ਦਰਮਿਆਨੀਆਂ ਅਤੇ ਉਪਰਲੀਆਂ ਸ਼੍ਰੇਣੀਆਂ ਵਿਚੋਂ ਜ਼ਿਆਦਾ ਇਨਾਮ ਦਿੰਦੀਆਂ ਹਨ।

ਸਲੌਟ ਮਸ਼ੀਨਾਂ ’ਤੇ ਛੋਟੇ ਇਨਾਮ ਜਿੱਤਣ ਦੇ ਮੌਕੇ, ਸਭ ਤੋਂ ਉਪਰਲਾ ਇਨਾਮ ਜਿੱਤਣ ਦੇ ਮੌਕਿਆਂ ਨਾਲੋਂ ਕਿਤੇ ਜ਼ਿਆਦਾ ਹਨ। ਜਦੋਂ ਤੁਸੀਂ ਮਸ਼ੀਨ ਵਿਚ ਪੈਸੇ ਪਾਉਂਦੇ ਹੋ ਤਾਂ ਇਹ ਇਨ੍ਹਾਂ ਨੂੰ ਕਰੈਡਿਟ ਦੇ ਤੌਰ ’ਤੇ ਦਿਖਾਉਂਦੀ ਹੈ। ਜਦੋਂ ਤੁਸੀਂ ਖੇਡਦੇ ਹੋ ਤਾਂ ਹਾਰਨ ’ਤੇ ਤੁਹਾਡੇ ਕਰੈਡਿਟ ਘਟ ਜਾਂਦੇ ਹਨ ਅਤੇ ਜਿੱਤਣ ’ਤੇ ਵਧ ਜਾਂਦੇ ਹਨ।

ਜਦੋਂ ਤੁਸੀਂ ਮਸ਼ੀਨ ਦੀ ਜ਼ਿੰਦਗੀ ਵਿਚ 92 ਫੀਸਦੀ ਪੇਅਆਊਟ ਵਾਲੀ ਸਲੌਟ ਉੱਤੇ ਖੇਡਦੇ ਹੋ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਕੋਲ ਉਨ੍ਹਾਂ ਪੈਸਿਆਂ ਦੇ 92 ਫੀਸਦੀ ਰਹਿਣਗੇ ਜਿਨ੍ਹਾਂ ਨਾਲ ਤੁਸੀਂ ਸ਼ੁਰੂ ਕੀਤਾ ਸੀ।

## ਸਲੌਟ ਮਸ਼ੀਨਾਂ ਕਿਵੇਂ ਕੰਮ ਕਰਦੀਆਂ ਹਨ?

ਇਕ ਕੰਪਿਊਟਰ ਪ੍ਰੋਗਰਾਮ (ਜਿਸ ਨੂੰ ਆਰ ਐੱਨ ਜੀ ਜਾਂ ਰੈਂਡਮ ਨੰਬਰ ਜਨਰੇਟਰ ਆਖਿਆ ਜਾਂਦਾ ਹੈ) ਹਰ ਖੇਡ ਦਾ ਅਨਿਸ਼ਚਤ (ਰੈਂਡਮ) ਨਤੀਜਾ ਯਕੀਨੀ ਬਣਾਉਂਦਾ ਹੈ।

ਫੀਸਦੀ (ਪਰਸੈਂਟ) ਅਦਾਇਗੀ ਸਿਧਾਂਤਕ ਹੈ ਅਤੇ ਹਰ ਖੇਡ ਦਾ ਨਤੀਜਾ ਅਨਿਸ਼ਚਤ (ਰੈਂਡਮ) ਹੁੰਦਾ ਹੈ। ਹਜ਼ਾਰਾਂ ਜਾਂ ਲੱਖਾਂ ਗੇਮਾਂ ਬਾਅਦ, ਸੰਭਾਵਨਾ ਦੇ ਨੇਮ ਕੁਝ ਪਲੇਅਰਾਂ ਨੂੰ ਜਿੱਤਣ ਜਾਂ ਬਰਾਬਰ ਰਹਿਣ ਦਿੰਦੇ ਹਨ ਜਦ ਕਿ ਬਹੁਤੇ ਹਾਰਨਗੇ। ਸਲੌਟਾਂ, ਜਿੱਤਾਂ ਵਿਚ ਪੈਸੇ ਦੇਣ ਨਾਲੋਂ ਜ਼ਿਆਦਾ ਪੈਸੇ ਰੱਖਣ ਲਈ ਪ੍ਰੋਗਰਾਮ ਕੀਤੀਆਂ ਹੋਈਆਂ ਹੁੰਦੀਆਂ ਹਨ, ਇਸ ਕਰਕੇ ਅੰਤ ਨੂੰ ਸਲੌਟ ਮਸ਼ੀਨ ਹੀ ਜਿੱਤੇਗੀ।




**ਸੰਭਾਵਨਾ ਹੈ ਕਿ ਲੰਮੇ ਸਮੇਂ ਦੌਰਾਨ ਤੁਸੀਂ ਜਿੱਤਣ ਨਾਲੋਂ ਜ਼ਿਆਦਾ ਹਾਰੋਗੇ**

ਸਲੌਟ ਮਸ਼ੀਨਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਕਸੀਨੋ ਵਿਚ ਕਿਸੇ ਗੇਮਸੈਂਸ ਸਲਾਹਕਾਰ ਨਾਲ ਗੱਲ ਕਰੋ, bclc.com ’ਤੇ ਜਾਉ ਜਾਂ 1-866-815-0222 ’ਤੇ ਬੀ ਸੀ ਐੱਲ ਸੀ ਕੰਜ਼ਿਊਮਰ ਸਰਵਿਸਿਜ਼ ਨੂੰ ਫੋਨ ਕਰੋ।

ਹੋਰ ਪਤਾ ਲਾਉ…

engage your GameSense.ca